# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ :04-09-2025**

## <u>ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ</u>

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵੀਂ ਦਿੱਲੀ ਵਿੱਚ ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲਾਰੈਂਸ ਵਾਂਗ ਨਾਲ ਵਫ਼ਦ ਪੱਧਰੀ ਗੱਲਬਾਤ ਕੀਤੀ- ਕਿਹਾ ਦੋਵੇਂ ਦੇਸ਼ ਮੰਨਦੇ ਨੇ ਕਿ ਦਹਿਸ਼ਤਗਰਦੀ ਵਿਰੁੱਧ ਲੜਾਈ ਵਿੱਚ ਇੱਕਜੁੱਟ ਹੋਣਾ, ਸਾਰੇ ਦੇਸ਼ਾਂ ਦਾ ਫਰਜ਼ ਏ।
- ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਸਰਹੱਦੀ ਸੂਬੇ ਪੰਜਾਬ ‘ਚ ਹੜ੍ਹਾਂ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲਿਆ - ਤੁਰੰਤ ਰਾਹਤ ਅਤੇ ਮੁੜ੍ਹਵਸੇਬੇ ਲਈ ਸੂਬੇ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਵਿੱਚ, ਕੇਂਦਰ ਸਰਕਾਰ ਵੱਲੋਂ ਪੂਰੀ ਹਮਾਇਤ ਦੇਣ ਦਾ ਦਿੱਤਾ ਭਰੋਸਾ।

- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸੂਬੇ ਦੇ ਪੰਜ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਿਆਂ, ਵਿੱਚ ਹੜ੍ਹ ਦੀ ਸਥਿਤੀ ਬਾਰੇ ਮੰਤਰੀ ਨੂੰ ਇੱਕ ਵੇਰਵੇ ਸਮੇਤ ਰਿਪੋਰਟ ਸੌਂਪੀ।
- ਸੂਬੇ ਵਿੱਚ, ਲਗਾਤਾਰ ਮੀਂਹ, ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵਧਣ ਅਤੇ ਭਾਖੜਾ, ਪੋਂਗ ਤੇ ਰਣਜੀਤ ਸਾਗਰ ਡੈਮਾਂ ਤੋਂ ਪਾਣੀ ਨੂੰ ਨਿਯੰਤਰਿਤ ਢੰਗ ਨਾਲ ਛਡੇ ਜਾਣ ਕਾਰਨ ਸਰਹੱਦੀ ਸੂਬਾ ਹਾਈ ਅਲਰਟ 'ਤੇ- ਰਾਹਤ ਤੇ ਬਚਾਅ ਕਾਰਜ ਜੰਗੀ ਪੱਧਰ 'ਤੇ।
- ਸੀਮਾ ਸੁਰੱਖਿਆ ਬਲ, ਹੜ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪੂਰੀ ਵਾਹ ਲਾ ਰਿਹਾ ਏ।
- ਬਿਹਾਰ ਦੇ ਰਾਜਗੀਰ ਵਿੱਚ ਮਰਦਾਂ ਦੇ ਏਸ਼ੀਆ ਕੱਪ ਹਾਕੀ ਚੈਂਪੀਅਨਸ਼ਿਪ ਦੇ ਸੁਪਰ 4 ਗੇੜ ਦੇ ਦੂਜੇ ਮੈਚ ਵਿੱਚ, ਭਾਰਤੀ ਟੀਮ ਦਾ ਮੁਕਾਬਲਾ ਅੱਜ ਸ਼ਾਮ ਮਲੇਸ਼ੀਆ ਨਾਲ ।

## ਹੁਣ ਖਬਰਾਂ ਵਿਸਥਾਰ ਨਾਲ

ਭਾਰਤ ਅਤੇ ਸਿੰਗਾਪੁਰ ਨੇ ਅੱਜ ਸਿਵਲ ਹਵਾਬਾਜ਼ੀ, ਪੁਲਾੜ, ਹੁਨਰ ਵਿਕਾਸ, ਡਿਜੀਟਲ ਸੰਪਤੀ ਨਵੀਨਤਾ ਅਤੇ ਗ੍ਰੀਨ ਅਤੇ ਡਿਜੀਟਲ ਸ਼ਿਪਿੰਗ ਕੋਰੀਡੋਰਾਂ 'ਤੇ ਪੰਜ ਸਮਝੌਤਿਆਂ 'ਤੇ ਦਸਤਖਤ ਕੀਤੇ।

ਇਹ ਸਮਝੌਤਿਆਂ ਦਾ ਆਦਾਨ-ਪ੍ਰਦਾਨ ਅੱਜ ਨਵੀਂ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲਾਰੈਂਸ ਵੋਂਗ ਵਿਚਕਾਰ ਗੱਲਬਾਤ ਤੋਂ ਬਾਅਦ ਕੀਤਾ ਗਿਆ। ਪ੍ਰਧਾਨ ਮੰਤਰੀ ਮੋਦੀ ਨੇ ਇੱਕ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਸਿੰਗਾਪੁਰ ਦੱਖਣ-ਪੂਰਬੀ ਏਸ਼ੀਆ ਵਿੱਚ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਏ। ਸ਼੍ਰੀ ਮੋਦੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੀਆਂ ਦਹਿਸ਼ਤਗਰਦੀ ਬਾਰੇ ਇੱਕੋ ਜਿਹੀਆਂ ਚਿੰਤਾਵਾਂ ਨੇ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ਮੰਨਦੇ ਹਨ ਕਿ ਇਹ ਸਾਰੇ ਮਨੁੱਖਤਾਵਾਦੀ ਦੇਸ਼ਾਂ ਦਾ ਫਰਜ਼ ਏ ਕਿ ਉਹ ਦਹਿਸ਼ਤਗਰਦੀ ਨਾਲ ਇਕਜੁੱਟ ਹੋ ਕੇ ਲੜਨ।

---------------------------------------------------------------

ਕੇਂਦਰੀ ਖੇਤੀਬਾੜੀ ਮੰਤਰੀ, ਸ਼ਿਵਰਾਜ ਸਿੰਘ ਚੌਹਾਨ ਨੇ ਤਬਾਹਕੁੰਨ ਹੜ੍ਹਾਂ ਦੀ ਮਾਰ ਝੱਲ ਰਹੇ ਸਰਹੱਦੀ ਸੂਬੇ ਪੰਜਾਬ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣ ਲਈ ਅੰਮ੍ਰਿਤਸਰ,ਕਪੂਰਥਲਾ ਅਤੇ ਗੁਰਦਾਸਪੁਰ ਜ਼ਿਲਿਆਂ ਦਾ ਦੌਰਾ ਕੀਤਾ। ਪ੍ਰੈਸ ਕਾਨਫਰੰਸ ਵਿਚ ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਦਸਿਆ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ

ਦੇ ਨਿਰਦੇਸ਼ਾਂ 'ਤੇ, ਕੇਂਦਰ ਸਰਕਾਰ ਨੇ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਦਾ ਮੁਲਾਂਕਣ ਕਰਨ ਲਈ, ਦੋ ਉੱਚ-ਪੱਧਰੀ ਟੀਮਾਂ ਭੇਜੀਆਂ ਨੇ , ਜਿਨ੍ਹਾਂ ਵਿੱਚ ਖੇਤੀਬਾੜੀ, ਪੇਂਡੂ ਵਿਕਾਸ, ਸੜਕਾਂ, ਊਰਜਾ, ਵਿੱਤ ਅਤੇ ਜਲ ਸ਼ਕਤੀ ਮੰਤਰਾਲਿਆਂ ਦੇ ਅਧਿਕਾਰੀ ਸ਼ਾਮਲ ਨੇ। ਇਹ ਟੀਮਾਂ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨਗੀਆਂ ਅਤੇ ਸਥਿਤੀ ਦਾ ਮੁਲਾਂਕਣ ਕਰਨਗੀਆਂ ਅਤੇ ਕੇਂਦਰ ਸਰਕਾਰ ਨੂੰ ਆਪਣੀ ਰਿਪੋਰਟ ਸੌਂਪਣਗੀਆਂ। ਪਿੰਡਾਂ ਵਿੱਚ ਜਾ ਕੇ ਅਤੇ ਲੋਕਾਂ ਨਾਲ ਗੱਲਬਾਤ ਕਰਕੇ ਜ਼ਮੀਨੀ ਸਥਿਤੀ ਨੂੰ ਸਮਝਿਆ ਜਾਵੇਗਾ ਅਤੇ ਪ੍ਰਧਾਨ ਮੰਤਰੀ ਨੂੰ ਇੱਕ ਵਿਸਥਾਰਿਤ ਰਿਪੋਰਟ ਸੌਂਪੀ ਜਾਵੇਗੀ। ਸ਼੍ਰੀ ਚੌਹਾਨ ਨੇ ਕਿਹਾ ਏ ਕਿ ਕੇਂਦਰ ਸਰਕਾਰ, ਇਸ ਸੰਕਟ ਦੀ ਘੜੀ ਵਿੱਚ ਪੰਜਾਬ ਦੇ ਨਾਲ ਖੜ੍ਹੀ ਏ।

BYTE

ਕੇਂਦਰੀ ਮੰਤਰੀ ਨੇ ਡੇਰਾ ਬਾਬਾ ਨਾਨਕ ਦੇ ਪਿੰਡ ਧਰਮਕੋਟ ਅਤੇ ਦੀਨਾਨਗਰ ਵਿਚ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਹੜ੍ਹ ਪੀੜਤਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ BJP ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ

ਅਤੇ ਸੁਨੀਲ ਕੁਮਾਰ ਜਾਖੜ ਵੀ ਮੌਜੂਦ ਰਹੇ। ਸਾਡੇ ਜਲੰਧਰ ਵਾਲੇ ਪੱਤਰਕਾਰ ਨੇ ਖਬਰ ਦਿੱਤੀ ਏ ਕਿ ਪੰਜਾਬ ਦੇ ਰਾਜਪਾਲ, ਗੁਲਾਬ ਚੰਦ ਕਟਾਰੀਆ ਨੇ ਸੂਬੇ  ਦੇ ਪੰਜ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਿਆਂ, ਜਿਨ੍ਹਾਂ ਵਿੱਚ ਅੰਮ੍ਰਿਤਸਰ, ਪਠਾਨਕੋਟ, ਗੁਰਦਾਸਪੁਰ, ਤਰਨਤਾਰਨ ਅਤੇ ਫਿਰੋਜ਼ਪੁਰ ਸ਼ਾਮਲ ਨੇ, ਵਿੱਚ ਹੜ੍ਹ ਦੀ ਸਥਿਤੀ ਬਾਰੇ ਮੰਤਰੀ ਨੂੰ ਇੱਕ ਵੇਰਵੇ ਸਹਿਤ ਰਿਪੋਰਟ ਸੌਂਪੀ ਏ। ਉਨ੍ਹਾਂ ਨੇ ਖੇਤੀਬਾੜੀ ਮੰਤਰੀ ਨੂੰ ਇਨ੍ਹਾਂ ਇਲਾਕਿਆਂ ਵਿੱਚ ਜ਼ਮੀਨੀ ਹਕੀਕਤਾਂ ਬਾਰੇ ਵੀ ਜਾਣੂ ਕਰਵਾਇਆ ਏ, ਜਿਸ ਵਿੱਚ ਜਾਨ-ਮਾਲ, ਫਸਲਾਂ ਅਤੇ ਬੁਨਿਆਦੀ ਢਾਂਚੇ ਨੂੰ ਹੋਏ ਵਿਆਪਕ ਨੁਕਸਾਨ ਅਤੇ ਵੱਖ-ਵੱਖ ਏਜੰਸੀਆਂ ਨਾਲ ਤਾਲਮੇਲ ਕਰਕੇ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਰਾਹਤ ਅਤੇ ਮੁੜ੍ਹ – ਵਸੇਬਾ ਉਪਾਵਾਂ ਨੂੰ ਉਜਾਗਰ ਕੀਤਾ ਗਿਆ ਏ।

---------------------------------------------------------------

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਰੂਪਨਗਰ ਹੈਡ ਵਰਕਸ ਦਾ ਦੌਰਾ ਕੀਤਾ ਤੇ ਮੌਜੂਦਾ ਸਥਿਤੀ ਦਾ ਜਾਇਜ਼ਾ। ਉਹਨਾਂ ਨੇ ਭਾਖੜਾ ਡੈਮ ਤੋਂ ਛੱਡੇ ਜਾਣ ਵਾਲੇ ਪਾਣੀ ਦਾ ਜਾਇਜ਼ਾ ਲਿਆ ਅਤੇ

ਅਧਿਕਾਰੀਆਂ ਦੇ ਨਾਲ ਗੱਲਬਾਤ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਵੱਖ ਵੱਖ ਟੀਮਾਂ ਵੀ ਇਸ ਸਮੇਂ ਪੰਜਾਬ ਦੇ ਵਿੱਚ ਹੋਏ ਹੜ੍ਹਾਂ ਦੇ ਨੁਕਸਾਨ ਦਾ ਜਾਇਜ਼ਾ ਲੈ ਰਹੀਆਂ ਨੇ ।

BYTE

-----------------------------------------------------

ਪੰਜਾਬ ਵਿੱਚ, ਲਗਾਤਾਰ ਮੀਂਹ ਪੈਣ, ਬਿਆਸ, ਸਤਲੁਜ, ਰਾਵੀ ਅਤੇ ਘੱਗਰ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵਧਣ ਅਤੇ ਭਾਖੜਾ, ਪੋਂਗ ਤੇ ਰਣਜੀਤ ਸਾਗਰ ਡੈਮਾਂ ਤੋਂ ਪਾਣੀ ਨੂੰ ਨਿਯੰਤਰਿਤ ਢੰਗ ਨਾਲ ਛਡੇ ਜਾਣ ਕਾਰਨ ਸਰਹੱਦੀ ਸੂਬਾ ਹਾਈ ਅਲਰਟ 'ਤੇ ਏ। ਸਭ ਤੋਂ ਵਧ ਬੁਰੀ ਤਰ੍ਹਾਂ ਪ੍ਰਭਾਵਿਤ ਜ਼ਿਲਾ ਗੁਰਦਾਸਪੁਰ ਏ ਜਿੱਥੇ 1 ਲੱਖ 45 ਹਜ਼ਾਰ ਲੋਕ ਪ੍ਰਭਾਵਿਤ ਹੋਏ ਨੇ, ਉਸ ਤੋਂ ਬਾਅਦ ਅੰਮ੍ਰਿਤਸਰ ਵਿੱਚ 1 ਲੱਖ 17 ਹਜ਼ਾਰ ਤੋਂ ਵੱਧ ਲੋਕ, ਫਿਰੋਜ਼ਪੁਰ ਵਿੱਚ 39 ਹਜ਼ਾਰ 76 ਅਤੇ ਫਾਜ਼ਿਲਕਾ ਵਿੱਚ 21 ਹਜ਼ਾਰ 500 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਨੇ। ਜਲੰਧਰ ਵਿੱਚ 72 ਘੰਟਿਆਂ ਤੋਂ ਵੱਧ ਸਮੇਂ ਤੱਕ ਹੋਈ ਭਾਰੀ ਬਾਰਿਸ਼ ਤੋਂ ਬਾਅਦ, ਜ਼ਿਲ੍ਹਾ

ਪ੍ਰਸ਼ਾਸਨ ਦੇ ਉਪਰਾਲਿਆਂ ਸਦਕਾ ਲੋਕਾਂ ਨੂੰ ਰਾਹਤ ਮਿਲੀ ਏ ਅਤੇ ਹਾਲਾਤ ਹੌਲੀ-ਹੌਲੀ ਆਮ ਵਾਂਗ ਹੋ ਰਹੇ ਨੇ। ਇਸ ਦੌਰਾਨ ਸੂਬੇ ਭਰ 'ਚ ਰਾਹਤ ਤੇ ਬਚਾਅ ਕਾਰਜ ਲਗਾਤਾਰ ਜੰਗੀ ਪਧਰ 'ਤੇ ਜਾਰੀ ਨੇ। ਓਧਰ ਚੰਡੀਗੜ੍ਹ ਸਥਿਤ ਭਾਰਤੀ ਮੌਸਮ ਵਿਭਾਗ ਨੇ ਉਮੀਦ ਦੀ ਇੱਕ ਕਿਰਨ ਦਿਖਾਈ ਏ। ਨਿਰਦੇਸ਼ਕ, ਸੁਰੇਂਦਰ ਪਾਲ ਨੇ ਅੱਜ ਤੋਂ 8 ਸਤੰਬਰ ਤੱਕ ਪੰਜਾਬ ਵਿੱਚ ਬਾਰਿਸ਼ ਵਿੱਚ ਕਾਫ਼ੀ ਕਮੀ ਆਉਣ ਦੀ ਭਵਿੱਖਬਾਣੀ ਕੀਤੀ ਹੈ। ਹਾਲਾਂਕਿ, ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਗਿਆ ਹੈ। ਸਤਲੁਜ ਦੇ ਵਧਦੇ ਪਾਣੀ ਨੇ ਪਟਿਆਲਾ ਅਤੇ ਜਲੰਧਰ ਦੇ ਪਿੰਡਾਂ ਨੂੰ ਵੀ ਪ੍ਰਭਾਵਿਤ ਕੀਤਾ ਏ

ਪਟਿਆਲਾ ਪ੍ਰਸ਼ਾਸਨ ਨੇ ਲੋਕਾਂ ਨੂੰ ਪਾਣੀ ਤੋ ਦੂਰ ਰਹਿਣ ਦੀ ਅਪੀਲ ਕੀਤੀ ਏ। ਉਨ੍ਹਾਂ ਤੋਂ ਇਲਾਵਾ ਹੋਰ ਜ਼ਿਲ੍ਹਿਆਂ ਵਿੱਚ ਪਹਿਲਾਂ ਹੀ ਪਾਣੀ ਭਰਿਆ ਹੋਇਆ ਏ। ਰੋਪੜ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲਿਆਂ ਨੇ ਦਸਿਆ ਕਈ ਨੰਗਲ ਤੇ ਸ੍ਰੀ ਅਨੰਦਪੁਰ ਸਾਹਿਬ ਦੇ ਕੁਝ ਪਿੰਡਾਂ ਨੂੰ ਘਰ ਖਾਲੀ ਕਰਕੇ ਉੱਚੀਆਂ ਥਾਵਾਂ ਜਾ ਰਾਹਤ ਕੈਂਪਾਂ ਵਿੱਚ ਜਾਣ ਦੀ ਹਿਦਾਇਤ ਕੀਤੀ ਗਈ ਏ।

BYTE

--------------------------------------------------------------------------------

ਸਰਹੱਦੀ ਸੁਰੱਖਿਆ ਬਲ ਜੋ ਕਿ ਰੱਖਿਆ ਦੀ ਪਹਿਲੀ ਕਤਾਰ ਏ, ਇਸ ਗੰਭੀਰ ਹੜ੍ਹ ਪ੍ਰਭਾਵਿਤ ਸਰਹੱਦੀ ਸੂਬੇ ਪੰਜਾਬ ਵਿੱਚ ਫਸੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ, ਪੂਰੀ ਵਾਹ ਲਾ ਰਹੀ ਏ ਤੇ ਇਸ ਤੋਂ ਇਲਾਵਾ ਪਾਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਵੀ ਤਾਇਨਾਤ ਏ। BSF ਨੇ ਗੁਰਦਾਸਪੁਰ, ਫਿਰੋਜ਼ਪੁਰ, ਅੰਮ੍ਰਿਤਸਰ ਅਤੇ ਪਠਾਨਕੋਟ ਤੋਂ ਸੈਂਕੜੇ ਪਿੰਡ ਵਾਸੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਏ ਅਤੇ ਸਬੰਧਤ ਜ਼ਿਲ੍ਹਾ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਏ।

**ਵੇਰਵੇ ਨਾਲ ਇਕ ਰਿਪੋਰਟ**

ਸਰਹੱਦੀ ਇਲਾਕਿਆਂ ਵਿੱਚ ਹੜ੍ਹਾਂ ਨਾਲ ਡੁੱਬੀਆਂ ਉਨ੍ਹਾਂ ਦੀਆਂ ਆਪਣੀਆਂ ਬਾਰਡਰ ਆਊਟ ਪੋਸਟਾਂ (BOP) ਦੇ ਬਾਵਜੂਦ, ਉਨ੍ਹਾਂ ਦਾ ਜੋਸ਼ ਹਮੇਸ਼ਾ ਵਾਂਗ ਉੱਚਾ ਏ। ਇਹ ਬਲ, ਪੰਜਾਬ ਦੇ ਸਰਹੱਦੀ ਵਸਨੀਕਾਂ ਨਾਲ ਓਹਨਾਂ ਦੀ ਤਾਕਤ ਬਣ ਕੇ ਖੜ੍ਹਾ ਏ. ਬੀਐਸਐਫ, ਪੰਜਾਬ ਫਰੰਟੀਅਰ ਦੇ ਇੰਸਪੈਕਟਰ ਜਨਰਲ, ਡਾ. ਅਤੁਲ ਫੁਲਜ਼ੁਲੇ ਨੇ ਸੰਕਟ ਦੀ ਇਸ ਮੁਸ਼ਕਿਲ ਘੜੀ ਵਿੱਚ ਬਲ ਵਲੋਂ ਪੂਰੀ ਹਮਾਇਤ ਦੇਣ ਦਾ ਭਰੋਸਾ ਦਿੱਤਾ ਏ। ਗੰਭੀਰ ਜ਼ਖਮੀਆਂ ਅਤੇ ਬੀਮਾਰਾਂ ਨੂੰ ਏਅਰਲਿਫਟ ਕਰਨ ਤੋਂ ਲੈ ਕੇ ਹੋਰਾਂ ਤੋਂ ਇਲਾਵਾ, ਡਾਕਟਰੀ ਸਹਾਇਤਾ ਪ੍ਰਦਾਨ

ਕਰਨ, ਰਾਸ਼ਨ ਅਤੇ ਚਾਰਾ ਵੰਡਣ, ਟੁੱਟੇ ਹੋਏ ਬੰਨ੍ਹਾਂ ਨੂੰ ਮਜ਼ਬੂਤ ਕਰਨ ਅਤੇ ਬੰਦ ਕਰਨ ਤੱਕ, ਸਮਰਪਿਤ ਅਧਿਕਾਰੀ ਅਤੇ ਜਵਾਨ ਇਸ ਮਾਨਵਤਾਵਾਦੀ ਯਤਨ ਵਿੱਚ ਆਪਣੇ ਹੈਲੀਕਾਪਟਰ ਅਤੇ ਕਿਸ਼ਤੀਆਂ ਨਾਲ ਹਰ ਪਾਸੇ ਮੌਜੂਦ ਨੇ.

ਇਸ ਦੇ ਨਾਲ ਹੀ, ਫੌਜਾਂ ਨੇ ਪੰਜਾਬ ਸਰਹੱਦ 'ਤੇ ਵੀ ਕਈ ਨਾਰਕੋ-ਤਸਕਰੀ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰ ਦਿੱਤਾ ਏ।

---------------------------------------------------

ਲੋਕਾਂ ਨੇ ਜੀ.ਐਸ.ਟੀ. ਸੁਧਾਰਾਂ ਅਤੇ ਟੈਕਸ ਦਰਾਂ ਦੇ ਪੁਨਰਗਠਨ ਦੀ ਸ਼ਲਾਘਾ ਕੀਤੀ ਏ। ਉਨ੍ਹਾਂ ਦਾ ਕਹਿਣਾ ਏ ਕਿ ਇਨ੍ਹਾਂ ਸੁਧਾਰਾਂ ਨਾਲ ਮੱਧ ਵਰਗ ਅਤੇ ਵਪਾਰੀਆਂ ਨੂੰ ਫਾਇਦਾ ਹੋਵੇਗਾ। ਖੇਡ ਵਪਾਰੀ ਰਵੀਇੰਦਰ ਧੀਰ ਅਤੇ ਪਰੋਵੋਕਟ ਫਾਰਮਾ ਦੇ ਡਾਇਰੈਕਟਰ ਤਰਸੇਮ ਸਿੰਘ ਨੇ ਕਿਹਾ

।

BYTE

ਓਧਰ ਖਰੜ ਦੇ ਰਾਕੇਸ਼ ਗੁਪਤਾ ਅਤੇ ਪਠਾਨਕੋਟ ਦੇ ਰਾਜੇਸ਼ ਪੂਰੀ ਨੇ ਆਪਣੇ ਵਿਚਾਰ ਸਾਂਝੇ ਕੀਤੇ।

BYTE

---------------------------------------------------

ਪੰਜਾਬ ਅਤੇ ਦੇਸ਼ ਲਈ ਇੱਕ ਇਤਿਹਾਸਕ ਪ੍ਰਾਪਤੀ ਵਿੱਚ, ਜਲੰਧਰ ਸਥਿਤ ਡਾ. ਬੀ.ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਨੇ, ਹਾਲ ਹੀ ਵਿੱਚ ਨਵੀਂ ਦਿੱਲੀ ਦੇ ਦਵਾਰਕਾ ਸਥਿਤ ਯਸ਼ੋਭੂਮੀ ਵਿਖੇ ਆਯੋਜਿਤ ਸੇਮੀਕੋਨ ਇੰਡੀਆ 2025 ਵਿੱਚ ਆਪਣੀ ਸਵਦੇਸ਼ੀ ਸੈਮੀਕੰਡਕਟਰ ਚਿੱਪ ਦਾ ਉਦਘਾਟਨ ਕੀਤਾ। ਇਸਨੂੰ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਅਤੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਵਲੋਂ ਉਦਘਾਟਨੀ ਸਮਾਰੋਹ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਵਿੱਚ ਜਾਰੀ ਕੀਤਾ ਗਿਆ। ਇਹ ਤਕਨੀਕੀ ਸਫਲਤਾ ਭਾਰਤ ਸਰਕਾਰ ਦੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੇ ਆਜ਼ਮਾਇਸ਼ੀ ਚਿਪਸ ਟੂ ਸਟਾਰਟਅੱਪ ਪ੍ਰੋਗਰਾਮ ਦੇ ਤਹਿਤ ਪ੍ਰਾਪਤ ਕੀਤੀ ਗਈ ਏ । ਇਸ ਮੀਲ ਪੱਥਰ ਦੇ ਨਾਲ, ਐਨ.ਆਈ.ਟੀ. ਜਲੰਧਰ ਭਾਰਤ ਦੇ ਸੈਮੀਕੰਡਕਟਰ ਖਾਕੇ ਵਿੱਚ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਦੇ ਉੱਚ ਸਮੂਹ ਵਿੱਚ ਸ਼ਾਮਲ ਹੋ ਗਿਆ ਏ , ਜਿਸ ਨਾਲ ਪੰਜਾਬ ਨੂੰ ਰਾਸ਼ਟਰੀ ਮਾਨਤਾ ਮਿਲੀ ਏ । ਸੰਸਥਾਨ ਦੇ ਡਾਇਰੈਕਟਰ, ਪ੍ਰੋ. ਬਿਨੋਦ ਕੁਮਾਰ ਕਨੌਜੀਆ ਨੇ ਕਿਹਾ ਕਿ

ਸੇਮੀਕੋਨ ਇੰਡੀਆ 2025 ਵਿੱਚ ਸਾਡੀ ਸਵਦੇਸ਼ੀ ਚਿੱਪ ਦਾ ਉਦਘਾਟਨ, ਪੰਜਾਬ ਅਤੇ ਦੇਸ਼ ਲਈ ਇੱਕ ਮਾਣ ਵਾਲਾ ਪਲ ਏ। ਇਹ ਸਰਕਾਰ ਦੇ C2S ਪ੍ਰੋਗਰਾਮ ਦੇ ਦ੍ਰਿਸ਼ਟੀਕੋਣ ਅਤੇ ਸਾਡੇ ਸੰਸਥਾਨ ਦੀ ਖੋਜ ਸ਼ਕਤੀ ਨੂੰ ਦਰਸਾਉਂਦਾ ਏ  ਜੋ ਸਾਡੇ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਕਾਡਾਂ ਵਿੱਚ ਨਵੀਆਂ ਉਚਾਈਆਂ ਤੱਕ ਪਹੁੰਚਣ ਲਈ ਪ੍ਰੇਰਿਤ ਕਰਦਾ ਏ। ਇਸ ਪ੍ਰੋਜੈਕਟ ਦੀ ਅਗਵਾਈ ਡਾ. ਆਸ਼ੀਸ਼ ਰਮਨ ਨੇ ਭਾਰਤ ਸਰਕਾਰ ਦੇ C2S ਪ੍ਰੋਜੈਕਟ ਅਧੀਨ ਸਹਿਯੋਗੀ ਪ੍ਰਕਾਸ਼ ਚੰਦਰ ਜੋਸ਼ੀ ਅਤੇ ਮੋਹਿਤ ਕੁਮਾਰ ਨਾਲ ਕੀਤੀ ਸੀ।

-------------------------------------------------------------

ਬਿਹਾਰ ਦੇ ਰਾਜਗੀਰ ਵਿੱਚ ਮਰਦਾਂ ਦੇ ਏਸ਼ੀਆ ਕੱਪ ਹਾਕੀ ਚੈਂਪੀਅਨਸ਼ਿਪ ਦੇ ਸੁਪਰ 4 ਗੇੜ ਦੇ ਦੂਜੇ ਮੈਚ ਵਿੱਚ ਭਾਰਤੀ ਟੀਮ ਦਾ ਮੁਕਾਬਲਾ ਅੱਜ ਸ਼ਾਮ ਮਲੇਸ਼ੀਆ ਨਾਲ ਹੋਵੇਗਾ। ਇਹ ਮੈਚ ਬਿਹਾਰ ਦੇ ਰਾਜਗੀਰ ਅੰਤਰ-ਰਾਸ਼ਟਰੀ ਸਟੇਡੀਅਮ ਵਿੱਚ ਸ਼ਾਮ ਸਾਢੇ 7 ਵਜੇ ਖੇਡਿਆ ਜਾਵੇਗਾ। ਭਾਰਤ ਦਾ ਪਹਿਲਾ ਮੈਚ ਕੱਲ੍ਹ ਸ਼ਾਮ ਕੋਰੀਆ ਵਿਰੁੱਧ 2-2 ਨਾਲ ਡਰਾਅ ਰਿਹਾ ਸੀ। ਸੁਪਰ 4 ਗੇੜ ਵਿੱਚ ਚੋਟੀ ਦੀਆਂ ਦੋ

ਟੀਮਾਂ 7 ਸਤੰਬਰ ਨੂੰ ਹੋਣ ਵਾਲੇ ਫਾਈਨਲ ਲਈ ਕੁਆਲੀਫਾਈ ਕਰਨਗੀਆਂ।

---------------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵੀਂ ਦਿੱਲੀ ਵਿੱਚ ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲਾਰੈਂਸ ਵਾਂਗ ਨਾਲ ਵਫ਼ਦ ਪੱਧਰੀ ਗੱਲਬਾਤ ਕੀਤੀ- ਕਿਹਾ ਦੋਵੇਂ ਦੇਸ਼ ਮੰਨਦੇ ਨੇ ਕਿ ਦਹਿਸ਼ਤਗਰਦੀ ਵਿਰੁੱਧ ਲੜਾਈ ਵਿੱਚ ਇੱਕਜੁੱਟ ਹੋਣਾ, ਸਾਰੇ ਦੇਸ਼ਾਂ ਦਾ ਫਰਜ਼ ਏ।
- ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਸਰਹੱਦੀ ਸੂਬੇ ਪੰਜਾਬ ‘ਚ ਹੜ੍ਹਾਂ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲਿਆ - ਤੁਰੰਤ ਰਾਹਤ ਅਤੇ ਮੁੜ੍ਹਵਸੇਬੇ ਲਈ ਸੂਬੇ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਵਿੱਚ, ਕੇਂਦਰ ਸਰਕਾਰ ਵੱਲੋਂ ਪੂਰੀ ਹਮਾਇਤ ਦੇਣ ਦਾ ਦਿੱਤਾ ਭਰੋਸਾ।
- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸੂਬੇ ਦੇ ਪੰਜ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਿਆਂ, ਵਿੱਚ ਹੜ੍ਹ ਦੀ ਸਥਿਤੀ ਬਾਰੇ ਮੰਤਰੀ ਨੂੰ ਇੱਕ ਵੇਰਵੇ ਸਮੇਤ ਰਿਪੋਰਟ ਸੌਂਪੀ।
- ਸੂਬੇ ਵਿੱਚ, ਲਗਾਤਾਰ ਮੀਂਹ, ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵਧਣ ਅਤੇ ਭਾਖੜਾ, ਪੌਂਗ ਤੇ ਰਣਜੀਤ ਸਾਗਰ ਡੈਮਾਂ ਤੋਂ ਪਾਣੀ ਨੂੰ

ਨਿਯੰਤਰਿਤ ਢੰਗ ਨਾਲ ਛਡੇ ਜਾਣ ਕਾਰਨ ਸਰਹੱਦੀ ਸੂਬਾ ਹਾਈ ਅਲਰਟ 'ਤੇ- ਰਾਹਤ ਤੇ ਬਚਾਅ ਕਾਰਜ ਜੰਗੀ ਪੱਧਰ 'ਤੇ ।

- ਸੀਮਾ ਸੁਰੱਖਿਆ ਬਲ, ਹੜ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪੂਰੀ ਵਾਹ ਲਾ ਰਿਹਾ ਏ।
- ਬਿਹਾਰ ਦੇ ਰਾਜਗੀਰ ਵਿੱਚ ਮਰਦਾਂ ਦੇ ਏਸ਼ੀਆ ਕੱਪ ਹਾਕੀ ਚੈਂਪੀਅਨਸ਼ਿਪ ਦੇ ਸੁਪਰ 4 ਗੇੜ ਦੇ ਦੂਜੇ ਮੈਚ ਵਿੱਚ, ਭਾਰਤੀ ਟੀਮ ਦਾ ਮੁਕਾਬਲਾ ਅੱਜ ਸ਼ਾਮ ਮਲੇਸ਼ੀਆ ਨਾਲ ।

---

**ਇਸਦੇ ਨਾਲ ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**